
ਪ੍ਰਬੰਧਕੀ ਸੰਪਾਦਕ
ਪਰਮਜੀਤ ਕੌਰ
Managing Editor
Paramjit Kaur

# Kavlok ਕਾਵਿਲੋਕ

ਮੁੱਖ ਸੰਪਾਦਕ
ਡਾ.ਲਖਵਿੰਦਰ ਸਿੰਘ ਜੌਹਲ
Chief Editor
Dr.Lakhvinder Singh Johal

Sr.No.: 326 | SUNDAY, 9 August, 2026 | www.kavlok.com | e-mail : kavlok2020@gmail.com | +91-94171-94812

• ਰਾਜ਼ ਗੁਰਦਾਸਪੁਰੀ •

## .ਗ਼ਜ਼ਲ

ਸੁਪਨੇ ਲੈ ਲੈ ਜੀਵਨ ਕੱਟੀ ਜਾਂਦਾ ਹਾਂ।
ਬਿਨ ਮਤਲਬ ਤੋਂ ਪਾਣੀ ਝੱਟੀ ਜਾਂਦਾ ਹਾਂ।

ਪਿਆਰ ਮੁਹੱਬਤ ਦੇ ਵਿਉਪਾਰੀ ਬਣ ਕੇ ਵੀ,
ਪੈਸੇ ਦੀ ਥਾਂ ਠੀਪੇ ਖੱਟੀ ਜਾਂਦਾ ਹਾਂ।

ਪੇਪਰ ਦੇ ਵਿਚ ਬਹਿ ਕੇ ਸਭ ਕੁਝ ਭੁੱਲ ਜਾਵੇ,
ਸਬਕ ਬਥੇਰਾ ਮੈਂ ਤਾਂ ਰੱਟੀ ਜਾਂਦਾ ਹਾਂ।

ਧੱਕੇ ਦੇ ਕੇ ਉਹ ਹੀ ਬਾਹਰ ਭਜਾ ਦੇਵੇ,
ਖੋਟੇ ਪੈਸੇ ਲੈ ਜਿਸ ਹੱਟੀ ਜਾਂਦਾ ਹਾਂ।

ਊੜਾ ਐੜਾ ਮੈਨੂੰ ਕੋਈ ਸਿਖਾਉਂਦਾ ਨਈਂ,
ਪੜ੍ਹਨ ਸਕੂਲੇ ਲੈ ਕੇ ਫੱਟੀ ਜਾਂਦਾ ਹਾਂ।

ਇਕ ਵੀ ਦਾਣਾ ਸੁੱਖ ਦਾ ਨਜਰੀਂ ਪੈਂਦਾ ਨਈਂ,
ਦੁੱਖ ਪਰਾਗੇ ਭਰ ਭਰ ਛੱਟੀ ਜਾਂਦਾ ਹਾਂ।

"ਰਾਜ਼" ਚਰਾਮਤ ਪਾਇਆ ਕੀ ਉਸ ਹੱਥਾਂ ਤੇ,
ਸਹਿਦ ਭੁਲੇਖੇ ਤਲੀਆਂ ਚੱਟੀ ਜਾਂਦਾ ਹਾਂ।

-ਮੋਬ :7508913308

## ਆਦਿ ਤੇ ਅੰਤ

ਕੱਚ ਤਾਂ ਭਾਵੇਂ ਮੈਂ ਨਹੀਂ ਸਾਂ
ਪਰ ਜਦ ਕਦੇ ਵੀ ਟੁੱਟੀ
ਕਿਰਚ ਕਿਰਚ ਹੋ ਖਿੱਲਰ ਗਈ !

ਖਿੱਲਰੀਆਂ ਕਿਰਚਾਂ 'ਚੋਂ
ਮੇਰੀ ਹਸਤੀ ਦੇ
ਕਿੰਨੇ ਮਾਇਨੇ ਤਕਸੀਮ ਹੋ ਗਏ
ਕਿੰਨੇ ਮਾਇਨਿਆਂ ਨੇ
ਨਵੇਂ ਮੁਖੌਟੇ ਪਹਿਨ ਲਏ !

ਇਨ੍ਹਾਂ ਮੁਖੌਟਿਆਂ 'ਚੋਂ
ਮਾਇਨਿਆਂ ਦੇ ਕੁਝ
ਨਵੇਂ ਸੂਰਜ ਉਦੈ ਹੋ ਗਏ !

ਨਵੇਂ ਪੁਰਾਣੇ ਸੂਰਜਾਂ ਨੂੰ ਅਰਘ ਦਿੰਦਿਆਂ



• ਸੁਰਜੀਤ /ਟੋਰਾਂਟੋ •

ਲੱਭ ਰਹੀ ਹਾਂ
ਇਨ੍ਹਾਂ ਕਿਰਚਾਂ 'ਚ ਚਮਕਦੀਆਂ
ਪਹਿਚਾਣਾਂ ਦੇ ਮਾਇਨਿਆਂ ਦੇ
ਆਦਿ ਤੇ ਅੰਤ !!

-o-

## ਪਤਾ ਸੀ

ਮੇਰੇ ਬਾਪ ਨੂੰ
ਪਤਾ ਸੀ
ਕਿ ਮੇਰੇ ਅੰਦਰ ਵਸਦੇ ਕਵੀ ਨੇ
ਉਹ ਦੇ ਮਾਰਨ ਤੇ ਵੀ
ਮਰਨਾ ਨਹੀਂ
ਇਸ ਲਈ
ਨਾ ਚਾਹੁੰਦੇ ਹੋਏ ਵੀ
ਉਸ ਨੇ ਮੇਰੇ ਅੰਦਰਲੇ ਕਵੀ ਨੂੰ
ਸਾਹ ਲੈਣ ਦਿੱਤਾ
ਭਾਵੇਂ ਉਹ ਘੁੱਟਵਾਂ ਜਿਹਾ ਹੀ ਸੀ

ਮੇਰੇ ਬਾਪ ਦੇਖ!
ਅੱਜ ਮੇਰੇ ਅੰਦਰਲੇ ਕਵੀ ਨੇ
ਤੇਰੀਆਂ ਜੂਹਾਂ 'ਚੋਂ
ਅੱਖਰ ਫੜ
ਸ਼ਬਦ ਬਣਾਏ



• ਸੁਰਿੰਦਰ ਗੀਤ •

ਅਤੇ ਇਹ ਸ਼ਬਦ
ਤੇਰੇ ਨਾਮ ਨੂੰ
ਜਿਊਂਦਾ ਰੱਖਣਗੇ
ਓਦੋਂ ਤੀਕ
ਜਦੋਂ ਤੀਕ
ਕਵਿਤਾ ਜਿਊਂਦੀ ਰਹੇਗੀ !!

-o-

## ਚਿਤਵਨ ਦੇ ਲਾਰਿਆਂ ਭਰਮਾਈ ਜ਼ਿੰਦਗੀ

ਬਹੁਤੀ ਵਾਰ ਉੱਡਦੀ ਜਿਹੀ ਆਈ ਜ਼ਿੰਦਗੀ
ਅਣਹੋਏ ਪਲਾਂ ਦੀ ਘੁਮਾਈ ਜ਼ਿੰਦਗੀ

ਆਪਣੀਆਂ ਕੰਦਰਾਂ 'ਚ ਭਟਕੀ ਬੜੀ
ਚਿਤਵਨ ਦੇ ਲਾਰਿਆਂ ਭਰਮਾਈ ਜ਼ਿੰਦਗੀ

ਦਿਸਹੱਦਿਆਂ ਦੀ ਕੋਈ ਧਰਤੀ ਨਾ ਸੀ
ਪੌਣਾਂ ਨੇ ਹੀ ਘੜੀ ਤੇ ਉਡਾਈ ਜ਼ਿੰਦਗੀ

ਤਾਂਘਾਂ ਦਿਆਂ ਅੰਬਰਾਂ ਤੇ ਸਤਰੰਗੀਆਂ
ਸੁਪਨੇ ਹੀ ਜੜ ਜੜ ਵਾਹੀ ਜ਼ਿੰਦਗੀ

ਪੱਲਾ ਮਾਰ ਚਿਤਵਨ ਨੇ ਪਲ਼ ਪੂੰਝ ਲਏ
ਜਿਨ੍ਹਾਂ ਦੀਆਂ ਨੀਂਹਾਂ ਤੇ ਚਿਣਾਈ ਜ਼ਿੰਦਗੀ

ਅੰਬਰਾਂ ਦੇ ਪੈਂਡਿਆਂ ਤੋਂ ਉੱਤਰੀ ਅਖੀਰ



• ਅਰਤਿੰਦਰ ਸੰਧੂ •

ਮ੍ਰਿਗ ਤ੍ਰਿਸ਼ਨਾਵਾਂ ਭਟਕਾਈ ਜ਼ਿੰਦਗੀ

ਧਰਤੀ ਤੇ ਤੁਰਨਾ ਵੀ ਸਿੱਖ ਹੁਣ ਹੁਣ ਤਾਂ
ਚਿਤਵਨ ਵੀ ਨੁੱਕਰੇ ਵਸਾਈ ਜ਼ਿੰਦਗੀ !

-o-

## ਚੇਤਿਆਂ 'ਚ ਵਸਦੀ ਮਾਂ

ਕਿੰਨੇ ਹੀ ਸਾਲ ਗੁਜਰ ਗਏ
ਮਾਂ ਨੂੰ ਇਸ ਸੰਸਾਰ ਤੋਂ ਗਿਆਂ
ਪਰ ਮੇਰੇ ਚੇਤਿਆਂ 'ਚ ਮਾਂ
ਉਵੇਂ ਹੀ ਵਸਦੀ ਹੈ ਜਦੋਂ
ਬਚਪਨ ਚ ਥੋੜਾ
ਰੋਣ ਤੇ ਮਾਂ
ਭੱਜ ਕੇ ਬੁੱਕਲ 'ਚ
ਘੁੱਟ ਲੈਂਦੀ ਸੀ ਹੁਣ
ਕਈ ਵਾਰ ਸੋਚਦਾ ਹੁੰਦਾ ਹਾਂ
ਮੈਂ
ਕਿ ਜਿਵੇਂ ਹਰ ਵਕਤ ਮਾਂ
ਮੇਰੇ ਚੇਤਿਆਂ 'ਚ ਵਸਦੀ ਹੈ
ਕਦੇ ਮਾਂ ਮੈਨੂੰ ਵੀ ਯਾਦ
ਕਰਦੀ ਹੋਵੇਗੀ ਉਵੇਂ ਹੀ
ਕਿ ਪਤਾ ਨਹੀਂ ਪੁੱਤ ਨੇ ਅਜੇ
ਰੋਟੀ ਖਾਧੀ ਵੀ ਹੋਵੇਗੀ ਕਿ
ਨਹੀਂ ਜਿਵੇਂ ਥੋੜ੍ਹਾ
ਕੁਵੇਲਾ ਹੋਣ ਕਰਕੇ
ਮਾਂ ਬੂਹੇ ਤੇ ਖੜ੍ਹ
ਉੱਚੀ-ਉੱਚੀ ਆਵਾਜ਼ਾਂ ਮਾਰਨ
ਲੱਗ ਜਾਂਦੀ ਹੁੰਦੀ ਸੀ
ਕਿ ਕਿੱਧਰ ਉਜੜ ਗਿਆ ਤੂੰ
ਪਰ ਮਾਂ ਬਾਰੇ ਤਾਂ
ਹੁਣ ਕੁੱਝ ਨਹੀਂ




• ਸੁਰਿੰਦਰ ਢਿੱਲੋਂ •

ਆਖ ਸਕਦਾ ਮੈਂ
ਪਰ ਮੇਰੇ ਚੇਤਿਆਂ ਚ ਤਾਂ
ਮਾਂ ਉਵੇਂ ਹੀ ਵਸਦੀ ਹੈ
ਅੱਜ ਵੀ ...

## .ਫ਼ਲਸਫ਼ਾ

ਐਵੇਂ ਸੂਰਜ ਨੂੰ ਹੋਰ ਚਮਕਾਉਣ ਲੱਗਾ
ਚਮਕੇ ਨੂੰ ਹੋਰ ਕੀ ਚਮਕਾਉਣਾ
ਪਹਿਲਾ ਈ ਸ਼ਿੰਗਾਰੇ ਨੂੰ
ਛੱਡ, ਹੋਰ ਕੀ ਸਜਾਉਣਾ
ਜੋ ਆਪ ਈ ਇਸ਼ਕ ਏ
ਓਹਨੂੰ ਹੋਰ ਇਸ਼ਕ ਕੀ ਜਤਾਉਣਾ
ਜੋ ਵਫ਼ਾ ਦਾ ਇਤਰਾਂ ਭਰਿਆ ਘਰ
ਓਹਨੂੰ ਵਫ਼ਾ ਦਾ ਪਾਠ ਕੀ ਪੜ੍ਹਾਉਣਾ
ਜਿਹੜੇ ਦਿਲ, ਤੇ ਰੂਹ 'ਚ ਵਾਸ ਰੱਬ ਦਾ
ਓਹਨੂੰ ਰੱਬ ਦਾ ਫ਼ਲਸਫ਼ਾ ਕੀ ਸਮਝਾਉਣਾ
'ਡੇਜ਼ੀ' ਸੁਰਤ ਜਿਹਨਾਂ ਦੀ ਧੁਰ ਜਾ ਲੱਗੀ
ਟਿਕਿਆ ਨੂੰ ਫਿਰ ਕੀ ਟਿਕਾਉਣਾ

Email : dayzee.g@gmail.com
Instagram : @dayzee.g2020



• ਗੁਰਪ੍ਰੀਤ ਡੇਜ਼ੀ •

## ਮੁਹੱਬਤ

ਵਿਕਦੀ ਜੋ ਬਾਜ਼ਾਰ ਮੁਹੱਬਤ ।
ਉਹ ਤਾਂ ਹੈ ਵਪਾਰ ਮੁਹੱਬਤ।

ਜਦ ਰਿਸ਼ਤੇ ਫਿੱਕੇ ਪੈ ਜਾਵਣ,
ਫਿਰ ਰੋਵੇ ਜ਼ਾਰੋ ਜ਼ਾਰ ਮੁਹੱਬਤ।

ਸੀਸ ਤਲੀ 'ਤੇ ਫਿਰੇ ਟਿਕਾਈ,
ਹਰ ਜ਼ੋਖਿਮ ਤੋਂ ਪਾਰ ਮੁਹੱਬਤ।

ਕਦੇ ਜਾਪਦੀ ਫੁੱਲਾਂ ਵਰਗੀ,
ਲੱਗਦੀ ਹੈ ਕਦੇ ਖ਼ਾਰ ਮੁਹੱਬਤ।

ਉੜ ਪੋੜ ਜਿਹਾ ਕਰਦੇ ਫਿਰਦੇ,
ਉਹ ਸਮਝਣ, ਬੀਮਾਰ ਮੁਹੱਬਤ।



• ਸੁਖਦੇਵ ਧੂਰੀ •

ਕੱਚਿਆਂ ਨਾਲ ਜੇ ਹੋ ਜਾਵੇ ਤਾਂ,
ਡੁੱਬਦੀ ਅੱਧ ਵਿਚਕਾਰ ਮੁਹੱਬਤ।

ਤੱਪੜ ਤੱਕ ਵੀ ਰੁਲ਼ ਜਾਂਦੇ ਨੇ,
ਤਾਂ ਵੀ ਕਰੇ ਸੰਸਾਰ ਮੁਹੱਬਤ ।

-ਮੋਬਾਈਲ : 95920 85886

## .ਗ਼ਜ਼ਲ

• ਸੁਲੱਖਣ ਮੈਹਮੀ •



ਸੱਜਣਾ ਉਹ ਝੀਲ ਦੇ ਕਿਨਾਰੇ ਯਾਦ ਆਉਣਗੇ।
ਭੁੱਲਣੇ ਨਾ ਕਦੇ ਜੋ ਨਜ਼ਾਰੇ ਯਾਦ ਆਉਣਗੇ।

ਪਲ ਪਲ ਦਾ ਹਿਸਾਬ ਕਰੇਂਗਾ ਤੂੰ ਜਦੋਂ ਕਦੇ,
ਉਹ ਸਾਰੇ ਅਹਿਸਾਨ, ਸਹਾਰੇ ਯਾਦ ਅਉਣਗੇ।

ਚਾਂਦਨੀਆਂ ਰਾਤਾਂ, ਟਿਮਟਿਮਾਉਂਦੇ ਤਾਰਿਆਂ 'ਚ,
ਬੋਲਾਂ ਨੂੰ ਜੋ ਭਰੇ ਮੈਂ ਹੁੰਙਾਰੇ ਯਾਦ ਆਉਣਗੇ।

ਯਾਦਾਂ ਨੂੰ ਮੈਂ ਯਾਦ ਕਰ, ਕਰ ਸਾਂਭਿਆ ਏ,
ਯਾਦਾਂ 'ਚ ਸੰਭਾਲ਼ੇ ਸਾਰੇ ਲਾਰੇ ਯਾਦ ਆਉਣਗੇ।

ਸਾਡੇ ਹਾਸਿਆਂ 'ਚ ਸੀ ਤੇਰੇ ਵੀ ਹਾਸੇ ਕਦੇ,
ਖੁਸ਼ੀਆਂ ਦੇ ਪਲਾਂ ਨੂੰ ਹੁਲਾਰੇ ਯਾਦ ਆਉਣਗੇ।

ਫ਼ੁੱਲਾਂ ਜਿਹੇ ਕੋਮਲ ਦਿਲ ਤੇ ਕੀ ਬੀਤੀ ਏ,
ਪੱਥਰ ਮਨੂਰ ਨੂੰ ਅੰਗਾਰੇ ਯਾਦ ਆਉਣਗੇ।

ਦਿਲ 'ਚੋਂ ਪਿਆਰੇ ਨੂੰ ਭੁਲਾਉਣਾ 'ਨੀ ਸੌਖਾ ਹੁੰਦਾ,
ਖੰਜ਼ਰ ਵਿਛੋੜਿਆਂ ਦੇ ਮਾਰੇ ਯਾਦ ਆਉਣਗੇ।

ਆਉਣਗੇ 'ਸੁਲੱਖਣਾ' ਜ਼ਰੂਰ ਯਾਦ ਆਉਣਗੇ,
ਭੁੱਲਣੇ ਨਾ ਮਿੱਤਰ ਪਿਆਰੇ ਯਾਦ ਆਉਣਗੇ।

### ਸ਼ੈਲਜਾ ਪਾਠਕ ਦੀ ਹਿੰਦੀ ਕਵਿਤਾ

## ਮੇਰਾ ਹਿੱਸਾ ਕਿੱਧਰ ਗਿਆ

ਇੱਕ ਦਿਨ ਰੋਂਦਿਆਂ ਦਾਦੀ ਦੇ ਗਲ ਲੱਗੀ
ਬਗੀਚੇ ਦਾ ਕੋਈ ਅੰਬ ਮੇਰੇ ਹਿੱਸੇ ਨਹੀਂ
ਆਇਆ ਦਾਦੀ,
ਦਾਦੀ ਨੇ ਕਿਹਾ, ਹਿੱਸੇ ਦਾ ਹੋਇਆ ਤਾਂ
ਮਿਲ ਜਾਵੇਗਾ
ਚੁੱਪ ਹੋ ਜਾ

ਇੱਕ ਦਿਨ ਅੰਮਾ ਦੇ ਗਲ ਲੱਗੀ, ਰੋਂਦਿਆਂ
ਅੰਮਾ ਛਾਤੀ ਵਿੱਚ ਪੀੜ ਹੈ, ਯਾਦ ਆ
ਰਿਹਾ ਕੋਈ,
ਕਿਸ ਨੂੰ ਕਹਾਂ?
ਅੰਮਾ ਬੋਲੀ 'ਜੋ ਰਿਸ਼ਤਾ ਪੀੜ ਦਿੰਦਾ ਹੋਵੇ,
ਉਸ ਨੂੰ ਦਿਲ ਨੂੰ
ਨਹੀਂ ਲਾਉਣਾ ਚਾਹੀਦਾ

ਫਿਰ ਭੈਣ ਨੇ ਗਲ ਨਾਲ ਲਾਉਂਦਿਆਂ ਕਿਹਾ
ਔਰਤਾਂ ਦਾ ਕੀ ਹੈ ਭੈਣੇ
ਸਾਰੀ ਉਮਰ ਹੀ ਤਰਸਦੀਆਂ ਪਿਆਰ ਨੂੰ
ਜਦਕਿ ਭਰਦੀਆਂ ਸਾਰਿਆ ਨੂੰ ਪ੍ਰੇਮ ਨਾਲ਼
ਨਾ ਕਰੋ ਆਪਣੀ ਵਾਰੀ ਦੀ ਉਡੀਕ
ਦੁਨੀਆਂ ਕਦ ਠਹਿਰੀ ਹੈ ਔਰਤ ਦੇ ਰੋਣ ਤੇ
ਪ੍ਰੇਮ ਵਿੱਚ ਦੇਰ ਤੱਕ ਕਿਸੇ ਨੇ ਗਲ ਨਹੀਂ ਲਾਇਆ

ਜਿਦ ਕਰੋ ਆਪਣੇ ਹਿੱਸੇ ਲਈ
ਪ੍ਰੇਮ ਕਰੋ ਤਾਂ ਕੀ ਹੋਇਆ ਕਿ ਵਿਛਰਨ ਦਾ
ਦੁੱਖ ਹੈ ਸ਼ਾਮਲ
ਇਸ ਵਿੱਚ
ਹਾਰੋ, ਜਿੱਤੋ



ਅਨੁਵਾਦ : ਭੁਪਿੰਦਰ ਕੌਰ ਪ੍ਰੀਤ

ਡਿੱਗੋ ਸੰਭਲੋ
ਰੋ ਕੇ ਆਪਣੀ ਦੁਨੀਆਂ ਡੇਢ ਗੱਜ ਦੀ ਕਰ
ਲਵੇਂਗੀ
ਤਾਂ ਵੀ ਕੋਈ ਜੀਉਣ ਨਹੀਂ ਦੇਵੇਗਾ
ਆਪਣੇ ਹਿੱਸੇ ਲਈ ਬੇਨਤੀਆਂ ਨਾ ਕਰੋ
ਬੱਸ ਖੋਹ ਲਵੋ!

## .ਗ਼ਜ਼ਲ

ਸਾਰੀਆਂ ਹੀ ਸਾਜ਼ਿਸ਼ਾਂ ਨੂੰ ਜਰ ਲਿਆ ਹੈ।
ਔਕੜਾਂ ਨੂੰ ਹਾਣ ਦਾ ਹੁਣ ਕਰ ਲਿਆ ਹੈ।

ਦੂਰ ਹੋਏ ਵਸਲ ਦੇ ਸਾਰੇ ਵਸੀਲੇ ਦੇਖ ਕੇ,
ਤਾਂ ਹੀ ਪੱਥਰ ਕਾਲਜੇ 'ਤੇ ਧਰ ਲਿਆ ਹੈ।



• ਬਲਜੀਤ ਪਾਲ ਸਿੰਘ •

ਚੰਗਾ ਹੋਇਆ ਹਰ ਤਮੰਨਾ ਤੋੜਿਆ ਦਮ,
ਸੁੰਨਾਪਣ ਰਾਹਾਂ 'ਚ ਐਨਾ ਭਰ ਲਿਆ ਹੈ।


ਸੂਕਦਾ ਦਰਿਆ ਹੈ ਫਿਰ ਦਹਿਸ਼ਤ ਨਹੀਂ,
ਖ਼ੌਫ਼ ਨਹੀਂ ਪਹਿਲਾਂ ਬਥੇਰਾ ਡਰ ਲਿਆ ਹੈ।

ਮਾਣਨਾ ਹੈ ਹਰ ਨਜ਼ਾਰਾ ਏਸ ਕੁਦਰਤ ਦਾ,
ਆਪਾਂ ਜੰਗਲ ਦੇ ਵਿਚਾਲੇ ਘਰ ਲਿਆ ਹੈ।

## ਚਾਨਣ

ਵੇਖ ਰਿਹਾ ਸੀ ਆਉਣਾ ਜਾਣਾ
ਚਿੜੀਆਂ ਚੁਗਦੀਆਂ ਇੱਕ ਇੱਕ ਦਾਣਾ
ਆਪਸ ਵਿੱਚ ਸੀ ਗੱਲਾਂ ਕਰਦੀਆਂ
ਸਾਨੂੰ ਪਊਗਾ ਕੱਲ ਫਿਰ ਆਉਣਾ
ਭਰ ਲਈਏ ਕੁਲ ਮੂੰਹ ਵਿੱਚ ਦਾਣਾ
ਬੱਚਿਆਂ ਦਾ ਵੀ ਢਿੱਡ ਭਰ ਜਾਣਾ
ਕਿਸੇ ਨੇ ਸੱਚੀ ਗੱਲ ਕਹੀ ਹੈ
ਅੰਨ੍ਹਿਆਂ ਦੇ ਵਿੱਚ ਰਾਜਾ ਕਾਣਾ
ਕੱਲ ਫਿਰ ਲੱਗੂ ਕਿਤੇ ਉਡਾਰੀ
ਲੱਗਿਆ ਰਹਿੰਦਾ ਆਉਣਾ ਜਾਣਾ
ਕਰ ਲੈ ਪੂਰੇ ਕੰਮ ਅਧੂਰੇ
ਪੈਣਾ ਪਊਗਾ ਫਿਰ ਪਛਤਾਉਣਾ
ਇੱਥੇ ਕਿਸੇ ਦੀ ਮੋਹਰ ਨਹੀਂ ਲੱਗੀ
ਦੁਨੀਆ ਇੱਕ ਮੁਸਾਫ਼ਿਰਖਾਨਾ
ਆਖੀਏ ਨਾ ਕੋਈ ਮੰਦੀਆਂ ਗੱਲਾਂ
ਲੋਕੀ ਕਹਿੰਦੇ ਭੈੜਾ ਜ਼ਮਾਨਾ
ਚੰਨ ਸੂਰਜ ਦੀ ਚਾਹ ਨਾ ਰੱਖੀਂ
ਚੰਗਾ ਨਹੀਂਓ ਬਹੁਤਾ ਚਾਹੁਣਾ
ਵੇਖ ਕਿਸੇ ਨੂੰ ਨਹੀਂ ਸੜੀਦਾ
ਆਪਣੀ ਕਿਸਮਤ ਦਾ ਹੀ ਪਾਉਣਾ
ਸੌਖੇ ਰਸਤੇ ਰਤਾ ਲੱਭ ਜਾਣੇ
ਇੱਥੋਂ ਪੱਟ ਕੇ ਓਥੇ ਲਾਉਣਾ
ਇਕੱਲਾ ਨਾ ਰਹਿ ਜਾਈਂ
'ਕਮਲ' ਤੂੰ
ਪਿਆਰ ਦਾ ਲੱਭ ਲੈ ਕੋਈ ਬਹਾਨਾ!

-o-




• ਕਮਲ ਭਾਸਕਰ •

## ਮਤਲਬੀ ਬੰਦੇ

ਮਤਲਬ ਕੱਢ ਗਏ
ਮਤਲਬ ਖੋਰ
ਹੁਣ ਹੋ ਗਏ
ਹੋਰ ਦੇ ਹੋਰ।

ਸਾਥੀਆਂ ਦੀ ਭੁੱਲੇ
ਪਹਿਚਾਣ
ਦਬ ਗਏ ਸੇਅਰ
ਨਾ ਅੱਖ ਮਿਲਾਣ

ਗਵਾਢੀ ਅਗੇ
ਵੱਧਦੇ ਆਓਣ



• ਜੇ. ਐਸ. ਸੇਖੋਂ •

ਇਹ ਬਸ ਕੇਵਲ
ਜਾਦੇ ਭੌਣ

ਵਾਹਦੇ ਕਰਦੇ
ਅੜਦੇ ਨਾ
ਕਿਸੇ ਵਾਹਿਦੇ ਤੇ
ਖੜਦੇ ਨਾ।

ਜਿਥੋਂ ਮਿਲੇ
ਲੁੱਟ ਲੈ ਜਾਂਦੇ
ਆਪਣਿਆ ਅਗੇ
ਜਾ ਨੇ ਧਰਦੇ

ਇਨਸਾਨੀਅਤ ਦੀ
ਘੱਟਾਉਦੇ ਸਾਨ
ਅਸੂਲਾਂ ਦਾ ਨਾ
ਕਰਦੇ ਮਾਨ

ਕਿਨੂੰ ਸਮਝਾਈਏ
ਇੰਝ ਨਹੀਂ ਚਲਦਾ
ਨਹੀਂ ਭਰੋਸਾ
ਸੇਖੋਂ ਆਉਂਦੇ ਕਲਦਾ।

-ਮੋਬਾਈਲ : 7347560156



• ਸੁਖਦੇਵ ਸਿੰਘ ਔਲਖ •

## .ਗ਼ਜ਼ਲ

ਮੁਫ਼ਤ ਮੁਫ਼ਤ ਦੇ ਮੰਤਰ ਸੰਗ ਲੋਕਾਂ ਨੂੰ ਕੀਲ ਗਏ,
ਮੁਫ਼ਤ ਦੇ ਨਾਂ 'ਤੇ ਲੋਕਾਂ ਤੋਂ ਸਤਾ ਹਥਿਆਈ ਹੈ।

ਪੂਰਬ ਦੀ ਲਾਲੀ ਜਦ ਵੀ ਭੰਗੜਾ ਪਾਉਣ ਲੱਗੀ,
ਨ੍ਹੇਰਾ ਡਰਿਆ, ਉੱਲੂਆਂ ਦੀ ਸਾਮਤ ਆਈ ਹੈ।

ਦੀਵਾ ਬੇਸ਼ੱਕ ਹੁਣ ਟਾਵਾਂ ਟਾਵਾਂ ਹੀ ਬਲ਼ਦਾ ਹੈ,
ਵਗਦੀ ਪੌਣ ਕਿਸ ਗੱਲ ਤੋਂ ਫਿਰਦੀ ਘਬਰਾਈ ਹੈ।

ਅਦਲੀ ਰਾਜਾ ਉੱਚੇ ਬੈਠਾ ਐਨਕ ਵਿੱਚੋਂ ਤੱਕੇ ,
ਕਿੱਥੇ ਕਿੱਥੇ ਧਰਮ ਸਿਆਸਤ ਹੁਣ ਗਰਮਾਈ ਹੈ।

ਬਣਕੇ ਰੋੜ ਸਮੇਂ ਦੀ ਅੱਖ ਵਿੱਚ ਉਹੀ ਰੜਕੇਗਾ,
ਜਿਸ ਨੇ ਵੀ ਸਮੇਂ ਦੀ ਅੱਖ ਵਿੱਚ ਅੱਖ ਪਾਈ ਹੈ।

ਕਾਣੀ ਵੰਡ ਦਾ ਸਦਾ ਟਿਕਾਣਾ ਹੈ ਵਿੱਚ ਮਹਿਲਾ ਦੇ,
ਔਲਖ ਨੇ ਤੈਨੂੰ ਪਹਿਲਾਂ ਵੀ ਗੱਲ ਸਮਝਾਈ ਹੈ।

ਔਲਖ ਨੇ ਜਦ ਵੀ ਚਾਨਣ ਲਈ ਅਲਖ ਜਗਾਈ ਹੈ।
ਕਿਰਨਾ ਦੇ ਕਾਫਲਿਆਂ ਝੱਟ ਹਿੰਮਤ ਵਿਖਾਈ ਹੈ।

ਅੰਬਰੋਂ ਅੱਗ ਵਰ੍ਹੇ ਧਰਤ ਹੈ ਲਹੂ ਲੁਹਾਣ ਹੋਈ,
ਸੋਚੋ! ਕਲਮਾਂ ਵਾਲਿਓ ਕਿਸ ਨੇ ਤੀਲੀ ਲਾਈ ਹੈ।

ਜਿਸ ਦਾ ਜਿਸਮ ਕੰਡਿਆਂ ਨੇ ਥਾਂ ਥਾਂ ਤੋਂ ਪੱਛਿਆ ਹੈ,
ਲਗਦੈ ਉਹ ਤਾਂ ਸੂਹੇ ਫੁੱਲਾਂ ਦਾ ਸ਼ੈਦਾਈ ਹੈ।

- ਮੋਬਾਈਲ : 094647 70121, 094936 15000

## ਅਵੱਲੀ ਪੀੜ (ਚੋਕਾ)

ਤੂੰ ਗਿਓਂ ਇੰਝ
ਕਿ ਉਦਾਸੀ ਛਾ ਗਈ
ਅਵੱਲੀ ਪੀੜ
ਛੁਪੀ ਜੋ ਧੁਰ ਸੀਨੇ
ਬੂੰਦ ਬਣਕੇ
ਨੈਣ ਛਲਕਾ ਗਈ
ਪੈੜ ਤੇਰੀ ਨੂੰ
ਤੱਕਦੀ ਦੂਰ ਤੱਕ
ਨਜ਼ਰ ਮੇਰੀ
ਅੰਤ ਧੁੰਦਲਾ ਗਈ
ਤੇਰੇ ਨਾਲ ਜੋ
ਬਹਾਰਾਂ ਸੀ ਮੁਖ 'ਤੇ
ਜਾਣ ਪਿੱਛੋਂ ਤਾਂ
ਪੱਤਝੜ ਛਾ ਗਈ
ਓਸ ਰੋਜ਼ ਤੋਂ
ਦੀਦ ਪੱਥਰ ਹੋਈ
ਬੇਬਾਕ ਜ਼ੁਬਾਂ
'ਤੇ ਖਾਮੋਸ਼ੀ ਆ ਗਈ
ਬ੍ਰਿਹਾ ਡੰਗਦਾ
ਬਣਕੇ ਅਜਗਰ
ਨਾੜ ਨਾੜ ਤਾਂ



• ਪਰਮਿੰਦਰ ਕੌਰ ਭੁੱਲਰ •


ਜ਼ਹਿਰ ਚੜ੍ਹਾ ਗਈ
ਖ਼ੁਆਬ ਸਜੇ
ਮੁਹੱਬਤਾਂ ਦੇ ਨੈਣੀਂ
ਅਸ਼ਕ ਨਦੀ
ਜੋ ਸਭ ਵਹਾ ਗਈ
ਯਾਦਾਂ ਚੁੱਭੀਆਂ
ਨਸ਼ਤਰ ਬਣਕੇ
ਅੰਬਰਾਂ ਤਾਈਂ
ਰੂਹ ਕੁਰਲਾ ਗਈ
ਸੌਗਾਤ ਬਣਾ
ਸਾਂਭੀ ਦਿਲ ਦੇ ਕੋਨੇ
ਹਿਜਰ ਪੀੜਾ
ਖਾਂਦੀ-ਖਾਂਦੀ ਆਖ਼ਿਰ
ਜਿੰਦ ਮੇਰੀ ਖਾ ਗਈ।

-ਤਰਨ ਤਾਰਨ ।

## ਰੁੱਖ

ਪਿੱਪਲ ਦਾ ਰੁੱਖ ਹੈ,
ਮੇਰੇ ਹਿੱਸੇ ਆਇਆ,
ਲਾਜਵਾਬ ਕੁਦਰਤ।
ਹਵਾ ਦਾ ਜ਼ਹਿਰ ਤਾਂ ਚੂਸਦਾ ਹੈ,
ਕੋਇਲ ਦੇ ਸੁਰ ਵੀ ਸੁਣਨ ਨੂੰ ਮਿਲਦਾ ਹੈ,
ਹਰ ਮੌਸਮ।


ਸਵੇਰੇ ਸਵੇਰੇ,
ਦਿਸ ਪੈਂਦਾ ਹੈ ਉੱਲੂ ਵੀ ਕਦੇ ਕਦਾਈ,
ਆਪਣੀ ਰਾਤ ਦੀ ਚੌਕੀਦਾਰੀ ਕਰ,
ਘਰ ਨੂੰ ਮੁੜਦਾ ਹੋਇਆ।



• ਡਾ.ਸ਼ਿਆਮ ਸੁੰਦਰ ਦੀਪਤੀ •

ਗੱਲ ਕਰਨ ਨੂੰ ਮਨ ਕਰਦਾ ਹੈ,
ਪਰ ਮੌਕਾ ਮੇਲ ਨਹੀਂ ਬਣਦਾ।

ਕਰਾਗਾ ਕੋਈ ਉਪਰਾਲਾ,
ਜਾਣਨਾ ਚਾਹੁੰਦਾ ਹਾਂ,
ਹਨੇਰੇ ਵਿੱਚ ਹੋ ਰਹੀ,
ਹਨੇਰਗਰਦੀ ਦਾ ਕਿੱਸਾ।
ਜਿਸ ਦਾ ਇਹ ਹੈ,
ਚਸ਼ਮਦੀਦ ਗਵਾਹ।
ਤੇ ਭੁਗਤ ਰਿਹਾ ਹੈ,
ਉੱਲੂ ਹੋਣ ਦਾ ਖ਼ਿਤਾਬ ।
ਆਪਣੀ ਤਿੱਖੀ ਨਜ਼ਰ,
ਹੋਣ ਕਰਕੇ।



• ਅਨਿਲ ਖ਼ਿਆਲ ਕਰਨਾਲ •

## ਸੁਭਾਅ

ਲਾਲ ਪੱਥਰ ...
ਗੁੱਸੇ ਨਹੀਂ ਹੁੰਦਾ
ਸਫੇਦ ਪੱਥਰ ...
ਸ਼ਾਂਤੀ ਨਹੀਂ ਵੰਡਦਾ
ਕਾਲਾ ਪੱਥਰ...
ਵਿਰੋਧ ਨਹੀਂ ਕਰਦਾ
ਹਰਾ ਪੱਥਰ...
ਬਹਾਰਾਂ ਨਹੀਂ ਲਿਆਉਂਦਾ
ਸਲੇਟੀ ਪੱਥਰ....
ਪੜ੍ਹਣਾ ਨਹੀਂ ਸਿਖਾਉਂਦਾ।
ਕਿਸੇ ਵੀ ਰੰਗ ਦਾ ਹੋਵੇ ਪੱਥਰ
ਰੰਗ ਕਰਕੇ ਨਹੀਂ ਬਦਲਦਾ
ਪੱਥਰ ਦਾ ਸੁਭਾਅ
ਉਹ ਸਖਤ ਹੀ ਰਹਿੰਦਾ ਹੈ
ਨਿਰਦਈ ਹੀ ਰਹਿੰਦਾ ਹੈ
ਉਸਦੀ ਚੋਭ ਨਾਲ ਦਰਦ ਹੁੰਦੈ
ਤਕਲੀਫ਼ ਦੇਂਦੀ ਹੈ ਉਸਦੀ ਰੜਕ
ਠੁੱਡਾ ਲੱਗਣ ਤੇ ਹੀ ਪਤਾ ਲੱਗਦੈ
ਕਿ ਅਸੀਂ ਪੱਥਰਾਂ ਨਾਲ ਹੀ ਮੱਥੇ ਮਾਰੇ
ਅੱਖਾਂ ਖੁੱਲ੍ਹਣ ਤਕ
ਬਹੁਤ ਕੁੱਝ ਖਤਮ ਹੋ ਚੁੱਕਾ ਹੁੰਦੈ
ਬਹੁਤ ਕੁੱਝ ਖੁੰਝ ਚੁੱਕਾ ਹੁੰਦੈ
ਤੇ ਕਦੇ ਕਦੇ ਤਾਂ ਪੱਲੇ ਪੈ ਜਾਂਦੇ ਨੇ
ਕਦੇ ਵੀ ਨਾ ਭਰਨ ਵਾਲੇ ਜ਼ਖ਼ਮ!!


'ਕਾਵਿਲੋਕ' ਨਿਰੋਲ ਸਾਹਿਤਕ ਅਤੇ ਅਕਾਦਮਿਕ ਹੈ। ਇਸ ਵਿੱਚ ਛਪੇ ਲੇਖਕ ਆਪਣੇ ਵਿਚਾਰਾਂ ਦੇ ਆਪ ਜ਼ਿੰਮੇਵਾਰ ਹਨ। ਸੰਪਾਦਕਾਂ ਦਾ ਉਨ੍ਹਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। © LOK MANCH PUNJAB